ਐਤਵਾਰ
17, ਜਨਵਰੀ 2010
5 ਮਾਘ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 278,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

# ਸਾਬਕਾ ਕੇਂਦਰੀ ਗ੍ਰਹਿ ਮੰਤਰੀ ਪਾਟਿਲ ਪੰਜਾਬ ਦੇ ਨਵੇਂ ਰਾਜਪਾਲ ਨਿਯੁਕਤ

## ਕੇਂਦਰ ਵੱਲੋਂ ਵੱਖ-ਵੱਖ ਰਾਜਾਂ 'ਚ ਨਵੇਂ ਰਾਜਪਾਲਾਂ ਦੀ ਨਿਯੁਕਤੀ



ਨਵੀਂ ਦਿੱਲੀ, 16 ਜਨਵਰੀ (ਵਿਸ਼ਵ ਵਾਰਤਾ)-ਕੇਂਦਰ ਸਰਕਾਰ ਨੇ ਅੱਜ ਵੱਖ-ਵੱਖ ਰਾਜਾਂ ਦੇ ਰਾਜਪਾਲਾਂ ਦੇ ਨਾਮ ਤੈਅ ਕਰ ਦਿੱਤੇ ਹਨ। ਅਧਿਕਾਰਿਕ ਸੂਤਰਾਂ ਅਨੁਸਾਰ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਪੰਜਾਬ ਦੇ ਨਵੇਂ ਰਾਜਪਾਲ ਹੋਣਗੇ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਦੀ ਰਾਜਪਾਲ ਪ੍ਰਭਾ ਰਾਓ ਹੁਣ ਰਾਜਸਥਾਨ ਦੀ ਨਵੀਂ ਰਾਜਪਾਲ ਹੋਵੇਗੀ। ਰਾਜਸਥਾਨ ਦੇ ਰਾਜਪਾਲ ਐਸ.ਕੇ. ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਰਾਜ ਦਾ ਵਾਧੂ ਕਾਰਜਭਾਰ ਸੌਂਪਿਆ ਗਿਆ ਸੀ। ਰਾਸ਼ਟਰੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ ਨੂੰ ਪੱਛਮੀ ਬੰਗਾਲ, ਛੱਤੀਸਗੜ੍ਹ ਦੇ ਰਾਜਪਾਲ ਈ.ਐਸ.ਐਲ. ਨਰਸਿਮਹਨ ਨੂੰ ਆਂਧਰਾ ਪ੍ਰਦੇਸ਼ ਦਾ ਰਾਜਪਾਲ ਬਣਾਇਆ ਗਿਆ ਹੈ। ਉਥੇ ਸਾਬਕਾ ਰੱਖਿਆ ਸਕੱਤਰ ਸ਼ੇਖਰ ਦੱਤ ਨੂੰ ਛੱਤੀਸਗੜ੍ਹ ਦੇ ਰਾਜਪਾਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਝਾਰਖੰਡ ਦੇ ਕੇ.ਕੇ. ਸ਼ੰਕਰ ਨਾਰਾਇਣਨ ਨੂੰ ਮਹਾਰਾਸ਼ਟਰ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਹੁਣ ਸੀਨੀਅਰ ਕਾਂਗਰਸ ਨੇਤਾ ਮੋਹਸਿਨਾ ਕਿਦਵਈ ਝਾਰਖੰਡ ਦੀ ਨਵੀਂ ਗਵਰਨਰ ਹੋਵੇਗੀ। ਸਾਬਕਾ ਕੇਂਦਰੀ ਮੰਤਰੀ ਉਰਮਿਲਾਬੇਨ ਪਟੇਲ ਹਿਮਾਚਲ ਪ੍ਰਦੇਸ਼ ਦੀ ਰਾਜਪਾਲ ਹੋਵੇਗੀ। ਰਾਸ਼ਟਰੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ ਨੂੰ ਰਾਜਪਾਲ ਬਣਾਏ ਜਾਣ ਨਾਲ ਹੁਣ ਇਹ ਅਹੁਦਾ ਖਾਲੀ ਹੋ ਗਿਆ ਹੈ। ਇਸ ਅਹੁਦੇ ਦੀ ਦੌੜ ਵਿਚ ਸ਼ਿਆਮ ਸਰਨ ਅਤੇ ਸ਼ਿਵ ਸ਼ੰਕਰ ਮੈਨਨ ਨੂੰ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਹੈ। ਰਾਜਪਾਲਾਂ ਦੇ ਨਾਮਾਂ 'ਤੇ ਫੈਸਲਾ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਿਚਾਲੇ ਕੱਲ ਹੋਈ ਮੀਟਿੰਗ ਵਿਚ ਲਿਆ ਗਿਆ ਅਤੇ ਗ੍ਰਹਿ ਮੰਤਰਾਲੇ ਨੇ ਇਨ੍ਹਾਂ ਨਾਮਾਂ ਰਾਸ਼ਟਰਪਤੀ ਭਵਨ ਵਿਚ ਭੇਜ ਦਿੱਤਾ।

# ਆਂਗਨਵਾੜੀ ਵਰਕਰਾਂ ਦੀਆਂ ਤਰੱਕੀਆਂ ਲਈ ਉਮਰ ਦੀ ਸ਼ਰਤ ਖ਼ਤਮ

ਚੰਡੀਗੜ੍ਹ, 16 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਆਂਗਨਵਾੜੀ ਵਰਕਾਰਾਂ ਦੀ ਆਂਗਨਵਾੜੀ ਸੁਪਰਵਾਈਜਰ ਵਜੋਂ ਪਦ-ਉਨਤੀ ਲਈ 45 ਸਾਲ ਦੀ ਉਮਰ ਸੀਮਾਂ ਦੀ ਸ਼ਰਤ ਨੂੰ ਖਤਮ ਕਰਨ ਦੀ ਸਿਧਾਂਤਕ ਪ੍ਰਵਾਨਗੀ ਦੇ ਦਿਤੀ ਹੈ। ਇਸ ਸਬੰਧੀ ਫੈਸਲਾ ਪੰਜਾਬ ਦੇ ਮੁੱਖ ਮੰਤਰੀ ਦੀ ਪੰਜਾਬ ਆਂਗਨਵਾੜੀ ਮੁਲਾਜਮ ਯੂਨੀਅਨ (ਸੀਟੂ) ਦੇ ਵਫਦ ਨਾਲ ਅੱਜ ਦੁਪਹਿਰ ਇਥੇ ਪੰਜਾਬ ਭਵਨ ਵਿਖੇ ਹੋਈ ਮੀਟਿੰਗ ਵਿਚ ਲਿਆ ਗਿਆ। ਵਫਦ ਦੀ ਅਗਵਾਈ ਯੂਨੀਅਨ ਦੀ ਪ੍ਰਧਾਨ ਸ੍ਰੀਮਤੀ ਊਸ਼ਾ ਰਾਣੀ ਨੇ ਕੀਤੀ। ਵਫਦ ਵਲੋਂ ਉਠਾਏ ਗਏ ਮੁੱਦਿਆਂ ਦੇ ਸਬੰਧ ਵਿਚ ਮੁੱਖ ਮੰਤਰੀ ਨੇ ਕਿਹਾ ਕਿ 45 ਸਾਲ ਦੀ ਉਮਰ ਦੀ ਹੱਦ ਦੀ ਸ਼ਰਤ ਖਤਮ ਕਰਨ ਦੇ ਫੈਸਲੇ ਨਾਲ ਆਂਗਨਵਾੜੀ ਵਰਕਰਾਂ ਦੀ ਆਂਗਨਵਾੜੀ ਸੁਪਰਵਾਈਜਰ ਵਜੋ ਪੱਦ-ਉਨਤੀ ਦਾ ਰਾਹ ਖੁਲ ਗਿਆ ਹੈ। ਸਮਾਜਿਕ ਸੁਰਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵਿਚ ਇਸ ਸਬੰਧੀ 300 ਅਸਾਮੀਆਂ ਖਾਲੀ ਹਨ। ਮੁੱਖ ਮੰਤਰੀ ਨੇ ਵਿੱਤ ਵਿਭਾਗ ਨੂੰ ਕਿ ਉਹ ਆਂਗਨਵਾੜੀ ਵਰਕਾਰਾਂ ਨੂੰ ਨਿਰਧਾਰਤ 2100/-ਰੁਪਏ ਪ੍ਰਤੀ ਮਹੀਨਾ ਮਾਣ ਭਤੇ ਤੋਂ ਇਲਾਵਾ ਹਰਿਆਣਾ ਦੀ ਤਰਜ ਉਤੇ ਸਾਲਾਨਾ 100/- ਇੰਕਰੀਮੈਂਟ ਦੇਣ ਦੀ ਮੰਗ ਦਾ ਜਾਇਆ ਲਵੇ। ਇਸ ਮਾਣ ਭਤੇ ਲਈ ਰਾਜ ਸਰਕਾਰ ਵਲੋਂ 600/-ਰੁਪਏ ਅਤੇ ਕੇਂਦਰ ਵਲੋਂ 1500/- ਰੁਪਏ ਅਦਾ ਕੀਤੇ ਜਾਂਦੇ ਹਨ। ਆਂਗਨਵਾੜੀ ਵਰਕਰਾਂ ਵਲੋ ਵਾਧੂ ਡਿਊਟੀ ਦੇਣ ਦੇ ਸਬੰਧ ਵਿਚ ਵਿਸ਼ੇਸ਼ ਮਾਣ ਭੱਤਾ ਦੇਣ ਦੀ ਇਕ ਹੋਰ ਮੰਗ ਦੇ ਸਬੰਧ ਵਿਚ ਮੁੱਖ ਮੰਤਰੀ ਨੇ ਸਮਾਜਿਕ ਸੁਰਖਿਆ ਵਿਭਾਗ ਨੂੰ ਜਿਥੇ ਅਜਿਹੇ

(ਬਾਕੀ ਸਫਾ 2 'ਤੇ)




ਸਿੰਘ ਸਾਹਿਬ ਗਿਆਨੀ
ਗੁਰਬਚਨ ਸਿੰਘ ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ



ਸੰਤ ਹਰਨਾਮ ਸਿੰਘ ਖ਼ਾਲਸਾ
ਮੁਖੀ, ਦਮਦਮੀ ਟਕਸਾਲ
ਪ੍ਰਧਾਨ ਸੰਤ ਸਮਾਜ



ਸੰਤ ਬਾਬਾ ਸੁਖਚੈਨ ਸਿੰਘ
ਧਰਮਪੁਰੇ ਵਾਲੇ
ਜਨਰਲ ਸਕੱਤਰ ਸੰਤ ਸਮਾਜ



ਸੰਤ ਬਾਬਾ ਬੂਟਾ ਸਿੰਘ
ਗੁਰਥਲੀ ਵਾਲੇ

# ਨਾਨਕਸ਼ਾਹੀ ਕੈਲੰਡਰ-ਕੁਝ ਸੁਆਲ

# ਕੀ ਕੌਮ ਨੂੰ ਜੋੜਨ ਲਈ ਕਿ ਤੋੜਨ ਲਈ ਬਣਾਇਆ ਗਿਆ?

ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਅੱਜ ਪੰਥ ਵਿੱਚ ਬਹੁਤ ਵੱਡਾ ਵਾਵੇਲਾ ਖੜ੍ਹਾ ਕੀਤਾ ਗਿਆ ਹੈ। ਕੈਲੰਡਰ ਕਿਸੇ ਵੀ ਕੌਮ ਦਾ ਅਹਿਮ ਦਸਤਾਵੇਜ਼ ਹੁੰਦਾ ਹੈ, ਜਿਸ ਨੇ ਉਸ ਕੌਮ ਦੇ ਮਹੱਤਵਪੂਰਨ ਦਿਹਾੜਿਆਂ, ਤਿਉਹਾਰਾਂ, ਘਟਨਾ ਪਰੰਪਰਾਵਾਂ ਅਤੇ ਰਵਾਇਤਾਂ ਦੀ ਨਿਸ਼ਾਨਦੇਹੀ ਕਰਨੀ ਹੁੰਦੀ ਹੈ ਪਰ ਜਿਸ ਕੈਲੰਡਰ ਵਿਚਲੀਆਂ ਤਰੀਕਾਂ ਇਤਿਹਾਸਕ ਤੱਥਾਂ ਨਾਲ ਮੇਲ ਨਾ ਖਾਂਦੀਆਂ ਹੋਣਗੀਆਂ ਤਾਂ ਕੀ ਉਹ ਇਤਿਹਾਸ ਮਿਥਹਾਸ ਨਾ ਬਣ ਜਾਵੇਗਾ।

- ਅਤੇ ਵਿਸ਼ੇਸ਼ ਕਰਕੇ ਸਿੱਖ ਕੌਮ ਦਾ ਇਹ ਦਾਅਵਾ ਹੈ ਕਿ ਇਸ ਕੋਲ ਦੁਨੀਆਂ ਦੀਆਂ ਦੂਜੀਆਂ ਕੌਮਾ ਦੇ ਮੁਕਾਬਲਤਨ ਸਭ ਤੋਂ ਵੱਧ ਘਟਨਾਵਾਂ ਬਾਰੇ ਸਬੂਤ ਤੇ ਤੱਥ ਮੌਜੂਦ ਹਨ।
- ਪਰ ਕੈਲੰਡਰ ਬਣਾਉਣ ਲੱਗਿਆ ਸਾਡੇ ਮਾਨਯੋਗ ਵਿਦਵਾਨ-ਸੱਜਣਾਂ ਨੇ ਗੁਰਬਾਣੀ ਨੂੰ ਤੋੜਿਆ, ਇਤਿਹਾਸ ਨੂੰ ਤੋੜਿਆ, ਸਿਧਾਂਤ ਨੂੰ ਤੋੜਿਆ ਅਤੇ ਆਪਣੀ ਹਾਉਮੈ ਅਤੇ ਜ਼ਿੱਦ ਕਰਕੇ ਕੌਮ ਅੰਦਰ ਵੱਡੇ ਪੱਧਰ 'ਤੇ ਵੰਡੀਆਂ ਪਾ ਕੇ ਰੱਖ ਦਿੱਤੀਆਂ।
- ਅਸੀਂ ਜਾਨਣਾ ਚਾਹੁੰਦੇ ਹਾਂ ਕਿ 2003 ਵਿੱਚ ਕੈਲੰਡਰ ਲਾਗੂ ਕਰਨ ਸਮੇਂ ਪਿਛਲੇ 400 ਸਾਲਾਂ ਦੇ ਇਤਿਹਾਸ ਦੇ ਪ੍ਰਮੁੱਖ ਇਤਿਹਾਸਕ ਗ੍ਰੰਥਾਂ ਅਤੇ ਇਤਿਹਾਸਕ ਸ੍ਰੋਤਾਂ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਗਿਆ?
- ਭਾਈ ਗੁਰਦਾਸ ਜੀ ਦੇ ਕਥਨ ਕਿ "ਗੁਰਬਾਣੀ ਤਿਨਾ ਗੁਰਸਿੱਖਾ ਭਾਇ ਭਗਤ ਗੁਰਪੁਰਬ ਕਰੰਦੇ" ਦੇ ਹਵਾਲੇ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਸੰਗਤਾ ਗੁਰੂ ਕਾਲ ਤੋਂ ਹੀ ਆਪਣੇ ਵੱਲੋਂ ਸਤਿਗੁਰਾਂ ਦੇ ਗੁਰਪੁਰਬ, ਦਿਹਾੜੇ ਤੇ ਹੋਰ ਦਿਨ-ਤਿਉਹਾਰ ਮਨਾਉਂਦੇ ਆ ਰਹੇ ਹਨ। ਫਿਰ ਸਾਡੇ ਇਨ੍ਹਾਂ ਸੱਜਣਾਂ ਨੂੰ ਇਹ ਅਧਿਕਾਰ ਕਿਸ ਨੇ ਦਿੱਤੇ ਕਿ ਸਾਰੇ ਸਤਿਗੁਰੂ ਸਾਹਿਬਾਨ ਦੇ ਗੁਰਪੁਰਬ ਦੀਆ ਤਰੀਕਾਂ ਬਦਲ ਕੇ ਅਸਲ ਇਤਿਹਾਸਕ ਤੱਥਾਂ ਨਾਲੋਂ ਵੱਡਾ ਫ਼ਰਕ ਪਾ ਦਿੱਤਾ ਗਿਆ ਅਤੇ ਆਪਣੀ ਮਨਮਤੀ ਨਾਲ ਤਰੀਕਾਂ ਲਿਖ ਲਈਆਂ।
- ਕੀ ਸਾਡੇ ਇਹ ਬੁੱਧੀਜੀਵੀ ਦੱਸ ਸਕਦੇ ਹਨ ਕਿ ਇਨ੍ਹਾਂ ਵੱਲੋਂ ਕੈਲੰਡਰ ਵਿੱਚ ਨਿਸ਼ਚਿਤ ਕੀਤੀਆ ਤਰੀਕਾਂ ਕਿਹੜੇ ਇਤਿਹਾਸ ਦੇ ਗ੍ਰੰਥ ਵਿੱਚੋਂ ਲਈਆਂ ਗਈਆਂ। ਬੜੇ ਅਫ਼ਸੋਸ ਵਾਲੀ ਗੱਲ ਹੈ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਤਿੰਨ-ਤਿੰਨ ਗੁਰੂ ਸਾਹਿਬਾਨਾਂ ਦੇ ਚਾਰ ਗੁਰਪੁਰਬਾਂ ਦੀ ਅਰਦਾਸ ਇਕੋ ਦਿਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਜਾਣ ਲੱਗੀ। ਇਹ ਕੀ ਮਜਬੂਰੀ ਹੈ? ਕੀ ਸਾਡੇ ਇਤਿਹਾਸਕਾਰ ਇਹ ਗੱਲ ਦਾਅਵੇ ਨਾਲ ਕਹਿਣ ਨੂੰ ਤਿਆਰ ਹਨ ਕਿ ਇਹ ਇਤਿਹਾਸ ਵਿੱਚ ਇਸੇ ਤਰ੍ਹਾਂ ਹੀ ਵਾਪਰਿਆਂ ਸੀ ਕਿ ਜਾਂ ਉਨ੍ਹਾਂ ਦੇ ਗੁਰਗੁੱਦੀ ਦੇਣ ਅਤੇ ਜੋਤੀ ਜੋਤ ਪੁਰਬ ਵੱਖ-ਵੱਖ ਦਿਨਾਂ 'ਤੇ ਸਨ। ਬਲਕਿ ਕੈਲੰਡਰ ਬਣਾਉਣ ਵਾਲੇ ਇਨ੍ਹਾਂ ਵਿਦਵਾਨਾਂ ਵਿੱਚੋਂ ਡਾਕਟਰ ਕ੍ਰਿਪਾਲ ਸਿੰਘ, ਡਾਕਟਰ ਬਲਵੰਤ ਸਿੰਘ, ਸ. ਸੁਰਜੀਤ ਸਿੰਘ ਗਾਂਧੀ ਅਤੇ ਡਾਕਟਰ ਖੜਕ ਸਿੰਘ ਨੇ ਨਾਨਕਸ਼ਾਹੀ ਕੈਲੰਡਰ ਦੇ ਜਾਰੀ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਇੱਕ ਕਿਤਾਬ ਸਿੱਖ ਇਤਿਹਾਸ ਬਾਰੇ ਲਿਖੀ, 'History of the Sikhs & their Religion' ਉਸ ਵਿੱਚ ਖੁਦ ਇਨ੍ਹਾਂ ਹੀ ਵਿਦਵਾਨਾਂ ਨੇ ਕੈਲੰਡਰ ਵਿਚਲੀਆਂ ਤਰੀਕਾਂ ਦੇ ਉਲਟ ਉਹ ਤਰੀਕਾਂ ਲਿਖੀਆਂ ਹਨ, ਜੋ ਇਤਿਹਾਸਕ ਗ੍ਰੰਥਾਂ ਜਾਂ ਸਰੋਤਾਂ ਨਾਲ ਮੇਲ ਖਾਂਦੀਆਂ ਹਨ। ਫਿਰ ਕੀ ਅਸੀਂ ਗਲਤ ਕੈਲੰਡਰ ਬਣਾ ਕੇ ਆਪਣੇ ਇਤਿਹਾਸਕ ਗ੍ਰੰਥਾ ਨੂੰ ਬੇਮਾਅਨੇ ਕਰਨ ਦਾ ਯਤਨ ਨਹੀਂ ਕੀਤਾ?

- **ਇਹ ਕੈਲੰਡਰ ਨਾ ਗੁਰਬਾਣੀ 'ਤੇ ਆਧਾਰਤ ਹੈ ਨਾ ਸਿਧਾਂਤ ਅਤੇ ਨਾ ਹੀ ਇਤਿਹਾਸਕ ਤੱਥਾਂ ਦੀ ਪੁਸ਼ਟੀ ਕਰਦਾ ਹੈ।**
- **ਜਿਸ ਬਿਕਰਮੀ ਸੰਮਤ ਦਾ ਰੌਲਾ ਪਾ ਕੇ ਸਾਡੇ ਵਿਦਵਾਨ ਅਤੇ ਬੁੱਧੀਜੀਵੀ ਸਿੱਖ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਹਨ- ਕੀ ਉਹ ਦੱਸ ਸਕਣਗੇ ਕਿ ਗੁਰਬਾਣੀ ਆਏ ਬਿਕਰਮੀ ਸੰਮਤ ਦੇ ਹਵਾਲਿਆਂ ਨੂੰ ਝੁਠਲਾਕੇ ਕੀ ਸਾਡੇ ਪਿਆਰਾ ਗੁਰੂ ਸਾਹਿਬਾਨਾਂ ਨੂੰ ਵੀ ਗਲਤ ਕਹਿਣਗੇ।**
- **ਗੁਰਬਾਣੀ ਦਾ ਫਰਮਾਨ "ਆਵਨ ਅਠਤਰੈ ਜਾਨ ਸਤਾਨਵੈ ਹੋਰ ਭੀ ਉਠਸੀ ਮਰਦ ਕਾ ਚੇਲਾ" ਵਿੱਚ ਕੀ ਬਿਕਰਮੀ ਸੰਮਤ ਦਾ ਹਵਾਲਾ ਨਹੀਂ ਹੈ?**
- **ਗੁਰਬਾਣੀ ਵਿੱਚ ਅੰਕਿਤ ਬਾਰਹ ਮਾਹਾ ਜੋ ਬਿਕਰਮੀ ਸੰਮਤ ਦੇ ਮਹੀਨਿਆਂ ਦੇ ਨਾਂਅ ਹਨ, ਬਾਰੇ ਕੀ ਕਹੋਗੇ?**
- **ਕੀ ਇਹ ਸਭ ਕੁਝ ਗੁਰਬਾਣੀ ਵਿੱਚੋਂ ਕੱਢ ਦਿੱਤਾ ਜਾਣਾ ਸੀ?**
- **ਛੇਵੇਂ ਪਾਤਸ਼ਾਹ ਤੋਂ ਲੇ ਕੇ ਦਸਵੇਂ ਪਾਤਸ਼ਾਹ ਸ੍ਰੀ ਗੋਬਿੰਦ ਸਿੰਘ ਜੀ ਤੱਕ ਅਤੇ ਬਾਅਦ ਵਿੱਚ ਮਾਤਾ ਸੁੰਦਰ ਕੌਰ ਜੀ, ਮਾਤਾ ਸਾਹਿਬ ਦੇਵਾ ਕੌਰ ਜੀ ਵੱਲੋਂ ਸਮੇਂ-ਸਮੇਂ ਆਪਣੀਆਂ ਪਿਆਰੀਆਂ ਸਿੱਖ ਸੰਗਤਾ ਅਤੇ ਸਿੱਖਾਂ ਨੂੰ ਭੇਜੇ ਹੁਕਮਨਾਮਿਆਂ ਵਿੱਚ ਬਿਕਰਮੀ ਸੰਮਤ ਦੇ ਹਵਾਲੇ ਹਨ-ਕੀ ਉਨ੍ਹਾਂ ਨੂੰ ਅੱਜ ਅਸੀਂ ਮੰਨਣ ਤੋਂ ਇਨਕਾਰੀ ਹੋਵਾਂਗੇ?**
- **ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ, ਸ੍ਰੀ ਗੋਇੰਦਵਾਲ ਸਾਹਿਬ ਦੇ ਮੁੱਖ ਦਰਵਾਜ਼ਿਆਂ 'ਤੇ ਬਿਕਰਮੀ ਸੰਮਤ ਦੇ ਉਕਰੇ ਹਵਾਲੇ, ਕੀ ਅਸੀਂ ਉਨ੍ਹਾਂ ਲਿਖਤਾਂ ਨੂੰ ਮੇਟ ਦਿਆਂਗੇ?**
- ਇਸ ਕੈਲੰਡਰ ਬਾਰੇ ਹੋਰ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਅਸਲ ਵਿੱਚ ਨਾਨਕਸ਼ਾਹੀ ਕੈਲੰਡਰ ਹਿੰਦੂਆਂ ਦੇ ਪੁਰਾਤਨ ਧਾਰਮਿਕ ਕੈਲੰਡਰ ਸਾਕਾ ਸੰਮਤ 'ਤੇ ਆਧਾਰਤ ਹੈ 'ਜਿਸ ਨੂੰ 1959 ਵਿੱਚ ਹਿੰਦੁਸਤਾਨ ਦੀ ਸਰਕਾਰ ਨੇ ਲਾਗੂ ਕੀਤਾ ਸੀ। ਨਾਨਕਸ਼ਾਹੀ ਉਸ ਸਾਕਾ ਸੰਮਤ ਦੀ ਕਾਰਬਨ ਕਾਪੀ ਹੈ-ਜਿਸ ਬਾਰੇ ਖੁਦ ਕੈਲੰਡਰ ਘਾੜਿਆਂ ਨੇ ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਵਿੱਚ ਵੀ ਪੁਸ਼ਟੀ ਕੀਤੀ ਹੈ ਅਤੇ ਸ. ਪਾਲ ਸਿੰਘ ਪੁਰੇਵਾਲ ਦੀ ਲਿਖੀ ਕਿਤਾਬ 'Jantri 500 years' ਵਿੱਚ ਵੀ ਕੀਤੀ ਹੈ। ਕੌਮ ਫ਼ੈਸਲਾ ਕਰੇ ਕਿ ਹਿੰਦੂ ਕੈਲੰਡਰ ਪੁਰੇਵਾਲ ਸਾਹਿਬ ਬਣਾ ਰਹੇ ਹਨ ਜਾਂ ਕੋਈ ਹੋਰ?
- ਵਿਸ਼ਵ ਦੇ ਕਿਸੇ ਵੀ ਧਾਰਮਿਕ ਕੈਲੰਡਰ ਵਿੱਚ ਸਿਵਾਏ ਸਬੰਧਿਤ ਕੌਮ ਦੇ ਹੋਰ ਕਿਸੇ ਕੌਮ ਦੇ ਪੁਰਬ ਅਤੇ ਤਿਉਹਾਰ ਨਹੀਂ ਲਿਖੇ ਹੁੰਦੇ। ਪਰ ਇਹ ਕ੍ਰਿਸ਼ਮਾ ਵੀ ਨਾਨਕਸ਼ਾਹੀ ਕੈਲੰਡਰ ਵਿੱਚ ਵੇਖਣ ਨੂੰ ਮਿਲਦਾ ਹੈ।
- ਨਾਨਕਸ਼ਾਹੀ ਜੰਤਰੀ ਨੂੰ ਧਿਆਨ ਨਾਲ ਪੜ੍ਹ ਕੇ ਦੇਖਣ ਨਾਲ ਪਤਾ ਲੱਗਦਾ ਹੈ ਕਿ ਉਸ ਵਿੱਚ ਕਰੀਬ 27 ਪ੍ਰਤੀਸ਼ਤ ਤਿਉਹਾਰਾਂ ਅਤੇ ਪੁਰਬਾਂ ਦਾ ਸਿੱਖ ਕੌਮ ਦੇ ਇਤਿਹਾਸ ਜਾਂ ਵਿਰਸੇ ਨਾਲ ਕੋਈ ਸਬੰਧ ਨਹੀਂ।
- ਇਸ ਗੱਲ ਦੀ ਬੜੀ ਹੈਰਾਨੀ ਹੈ ਕਿ ਆਪਣੇ-ਆਪ ਨੂੰ ਵਿਦਵਾਨ, ਬੁੱਧੀਜੀਵੀ ਅਤੇ ਇਤਿਹਾਸਕਾਰ ਅਖਵਾਉਣ ਵਾਲੇ ਮਾਣਯੋਗ ਸੱਜਣ ਹਮੇਸ਼ਾ ਹਰ ਗੱਲ ਗ਼ਰੂਰ ਵਿੱਚ ਹੀ ਕਰਦੇ ਹਨ ਅਤੇ ਪੈਂਦਿਆਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ, ਸਿੰਘ ਸਾਹਿਬਾਨ ਬਾਰੇ ਅਤੇ ਹੋਰ ਪੰਥਕ ਸ਼ਖ਼ਸੀਅਤਾਂ ਬਾਰੇ ਜ਼ਹਿਰ ਉਗਲਣਾ ਆਰੰਭ ਕਰ ਦਿੰਦੇ ਹਨ-ਕਿਉਂ? ਕੀ ਉਨ੍ਹਾਂ ਨੇ ਗੁਰਮਤਿ ਦੀ ਇਹੀ ਪੜ੍ਹਾਈ ਕੀਤੀ ਹੈ?
- ਅੱਜ ਸਿੱਖ ਸੰਗਤਾਂ ਸਿੱਖ ਪੰਥ ਵਿਚਲੇ ਅਜਿਹੇ ਲੋਕਾਂ ਨੂੰ ਪਹਿਚਾਣ ਚੁੱਕੀਆਂ ਹਨ ਅਤੇ ਇਹ ਗੱਲ ਸਪੱਸ਼ਟ ਹੋ ਰਹੀ ਹੈ ਕਿ ਕੌਣ ਪੰਥ ਨੂੰ ਗੁੰਮਰਾਹ ਕਰ ਰਿਹਾ ਹੈ ਤੇ ਕੌਣ ਦੂਜਿਆਂ ਨੂੰ ਬਦਨਾਮ ਕਰ ਰਿਹਾ ਹੈ। ਅਸੀਂ ਧੰਨਵਾਦੀ ਹਾਂ ਸਿੱਖ ਪੰਥ ਦੇ ਮਹਾਨ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਗਿਆਨੀ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ ਅਤੇ ਸਿੰਘ ਸਾਹਿਬਾਨਾਂ ਸਮੇਤ ਹੋਰ ਪੰਥਕ ਦਰਦੀਆਂ ਅਤੇ ਹਿਤੈਸ਼ੀਆਂ ਦੇ ਜਿਨ੍ਹਾਂ ਨੇ ਇਸ ਕੈਲੰਡਰ ਨੂੰ ਠੀਕ ਦਿਸ਼ਾ ਵਿੱਚ ਬਣਾ ਕੇ ਪੰਥ ਅੰਦਰ ਆਪਸੀ ਏਕਤਾ, ਇਕਸੁਰਤਾ ਦੇ ਨਾਲ-ਨਾਲ ਸਾਡੇ ਮਹਾਨ ਪੰਜਾਂ ਤਖ਼ਤ ਸਾਹਿਬਾਨਾਂ ਨੂੰ ਇੱਕ ਕੜੀ ਵਿੱਚ ਪਰੋਇਆ ਹੈ।

ਸੰਤ ਬਾਬਾ ਸੁਖਚੈਨ ਸਿੰਘ ਧਰਮਪੁਰੇ ਵਾਲੇ
ਜਨਰਲ ਸਕੱਤਰ ਸੰਤ ਸਮਾਜ

ਸੰਤ ਬਾਬਾ ਬੂਟਾ ਸਿੰਘ
ਗੁਰਥਲੀਵਾਲੇ

ਜਾਰੀ ਕਰਤਾ : ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ


# ਮਾਇਆਵਤੀ ਨੂੰ ਤੋਹਫ਼ੇ 'ਚ ਚੰਦ 'ਤੇ ਜ਼ਮੀਨ!



ਲਖਨਊ, 16 ਜਨਵਰੀ (ਅ.ਬ.)-ਉੱਤਰ ਪ੍ਰਦੇਸ਼ 'ਚ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਇੱਕ ਕਰਮਚਾਰੀ ਨੇ ਮੁੱਖ ਮੰਤਰੀ ਮਾਇਆਵਤੀ ਨੂੰ ਸ਼ੁੱਕਰਵਾਰ ਨੂੰ ਉਨ੍ਹਾਂ ਦੇ 54ਵੇਂ ਜਨਮ ਦਿਨ ਮੌਕੇ ਚੰਦ 'ਤੇ 3 ਏਕੜ ਜ਼ਮੀਨ ਤੋਹਫ਼ੇ 'ਚ ਦਿੱਤੀ। ਕਾਨਪੁਰ ਬੀ. ਐਸ. ਪੀ. ਨੇਤਾ ਮਹਿੰਦਰ ਸਿੰਘ ਸੇਂਗਰ ਨੇ ਮਾਇਆਵਤੀ ਨੂੰ ਇਹ ਤੋਹਫ਼ਾ ਦਿੱਤਾ। ਉਨ੍ਹਾਂ ਨੇ ਸ਼ਨੀਵਾਰ ਨੂੰ ਦੱਸਿਆ ਕਿ ਅਮਰੀਕਾ ਸਥਿਤ ਲੂਨਰ ਰਿਪਬਲਿਕ ਸੁਸਾਇਟੀ ਤੋਂ ਉਨ੍ਹਾਂ ਨੇ ਚੰਦ 'ਤੇ 3 ਏਕੜ ਜ਼ਮੀਨ ਦਾ ਟੁਕੜਾ ਖਰੀਦਿਆ। ਸੇਂਗਰ ਨੇ ਜ਼ਮੀਨ ਖਰੀਦ ਸਬੰਧੀ ਕਾਗਜ਼ਾਤ ਵੀ ਦਿਖਾਏ, ਜਿਸ 'ਤੇ ਲੂਨਰ ਰਿਪਬਲਿਕ ਸੋਸਾਇਟੀ ਦੇ ਮਾਰਗਟ ਹੇਇਸ ਬਾਰਟਨ ਦੇ ਦਸਤਖ਼ਤ ਸਨ। ਕਾਗਜ਼ਾਤ 'ਤੇ ਜ਼ਮੀਨ ਦੀ ਕੀਮਤ ਦਾ ਜ਼ਿਕਰ ਨਹੀਂ ਰਿਹਾ ਸੀ। ਸੇਂਗਰ ਨੇ ਕਿਹਾ ਕਿ ਜਦ ਮੈਂ ਭੈਣਜੀ ਨੂੰ ਤੋਹਫ਼ਾ ਦਿੱਤਾ ਹੈ ਤਾਂ ਇਸਦੀ ਕੀਮਤ ਮੇਰੇ ਲਈ ਕੋਈ ਮਾਇਨੇ ਨਹੀਂ ਰੱਖਦੀ। ਮਾਇਆਵਤੀ ਨੇ ਸ਼ੁੱਕਰਵਾਰ ਨੂੰ ਸਾਦੇ ਢੰਗ ਨਾਲ ਆਪਣੇ ਜਨਮ ਦਿਨ ਨੂੰ ਮਨਾਇਆ ਸੀ। ਉਨ੍ਹਾਂ ਨੇ ਜਨਮ ਦਿਨ ਮੌਕੇ ਕਰੀਬ 7, 312 ਕਰੋੜ ਰੁਪਏ ਦੀ ਜਨਕ ਕਲਿਆਣਕਾਰੀ ਯੋਜਨਾਵਾਂ ਦਾ ਲੋਕ ਅਰਪਣ ਕੀਤਾ। ਇਸ ਤੋਂ ਪਹਿਲਾਂ ਸ਼ਾਹਰੁਖ ਖਾਨ ਨੂੰ ਉਨ੍ਹਾਂ ਦੇ ਜਨਮ 'ਤੇ ਉਨ੍ਹਾਂ ਦੇ ਕਿਸੇ ਪ੍ਰਸ਼ੰਸਕ ਨੇ ਚੰਦ 'ਤੇ ਜ਼ਮੀਨ ਤੋਹਫ਼ੇ ਵਿੱਚ ਦਿੱਤੀ ਸੀ।

# ਉਤਰ ਰੇਲਵੇ ਵੱਲੋਂ 4 ਪੈਸਿੰਜਰ ਗੱਡੀਆਂ 23 ਤੱਕ ਰੱਦ

ਬਠਿੰਡਾ, 16 ਜਨਵਰੀ (ਵਿਸ਼ਵ ਵਾਰਤਾ)-ਉਤਰ ਰੇਲਵੇ ਵੱਲੋਂ 4 ਪੈਸਿੰਜਰ ਗੱਡੀਆਂ, ਜਿਨ੍ਹਾਂ ਵਿਚ ਦਿੱਲੀ-ਫਿਰੋਜ਼ਪੁਰ ਵਿਚਾਲੇ ਚੱਲਣ ਵਾਲੀ 341 ਅਪ ਤੇ ਡਾਊਨ ਅਤੇ ਜੀਂਦ ਤੋਂ ਫਿਰੋਜ਼ਪੁਰ 345 ਅਪ ਤੇ 346 ਡਾਊਨ ਪੈਸਿੰਜਰ ਗੱਡੀਆਂ ਸ਼ਾਮਿਲ ਹਨ, ਨੂੰ 23 ਜਨਵਰੀ ਤੱਕ ਰੱਦ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਉਤਰ ਰੇਲਵੇ ਦੇ ਸੂਤਰਾਂ ਨੇ ਅੱਜ ਜੈਤੋ ਵਿਚ ਦਿੰਦਿਆਂ ਦੱਸਿਆ ਕਿ ਪਹਿਲਾਂ ਇਹ ਗੱਡੀਆਂ ਬੀਤੀ 3-4 ਜਨਵਰੀ ਨੂੰ 16 ਜਨਵਰੀ ਤੱਕ ਰੱਦ ਕੀਤੀਆਂ ਗਈਆਂ ਸਨ, ਹੁਣ ਇਹ ਗੱਡੀਆਂ ਰੱਦ ਕਰਨ ਦਾ ਸਮਾਂ 23 ਜਨਵਰੀ ਤੱਕ ਵਧਾ ਦਿੱਤਾ ਗਿਆ ਹੈ।

ਸੂਤਰਾਂ ਨੇ ਇਹ ਗੱਡੀਆਂ ਰੱਦ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ। ਇਸ ਦੌਰਾਨ ਉਤਰ ਰੇਵਲ ਯਾਤਰੀ ਵੈਲਫੇਅਰ ਸੰਘ ਨੇ ਕਿਹਾ ਕਿ ਇਨ੍ਹਾਂ ਗੱਡੀਆਂ ਦੇ ਰੱਦ ਹੋਣ ਤੋਂ ਆਮ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਤੋਂ ਗੁਜਰਨਾ ਪੈ ਰਿਹਾ ਹੈ। ਸੰਘ ਨੇ ਇਹ ਗੱਡੀਆਂ ਤੁਰੰਤ ਬਹਾਲ ਦੀ ਮੰਗ ਕੀਤੀ ਹੈ।

# ਆਸਟ੍ਰੇਲੀਆ 'ਚ ਭਾਰਤੀਆਂ ਨੂੰ ਬਾਰ 'ਚ ਜਾਣ ਤੋਂ ਰੋਕਿਆ

ਮੈਲਬੌਰਨ, 16 ਜਨਵਰੀ (ਵਿਸ਼ਵ ਵਾਰਤਾ)-ਆਸਟ੍ਰੇਲੀਆ ਵਿਚ ਪਹਿਲਾਂ ਭਾਰਤੀਆਂ ਨਾਲ ਨਸਲੀ ਹਿੰਸਾ ਤੇ ਹੁਣ ਉਥੇ ਵਿਤਕਰੇਬਾਜ਼ੀ ਵੀ ਸ਼ੁਰੂ ਹੋ ਗਈ ਹੈ। ਜਾਣਕਾਰੀ ਅਨੁਸਾਰ ਆਸਟ੍ਰੇਲੀਆ ਵਿਚ ਅੱਜ ਤਿੰਨ ਭਾਰਤੀਆਂ ਨੂੰ ਇਕ ਬਾਰ ਵਿਚ ਜਾਣ ਤੋਂ ਰੋਕ ਦਿੱਤਾ ਗਿਆ। ਇਹ ਘਟਨਾ ਮੈਲਬੌਰਨ ਸੈਂਟਰ ਲਾਇਨ ਹੋਟਲ ਬਾਰ ਦੀ ਹੈ, ਜਿਥੇ ਤਿੰਨ ਭਾਰਤੀਆਂ ਤੇ ਤਿੰਨ ਨੇਪਾਲੀ ਲੋਕਾਂ ਨੂੰ ਬਾਰ ਦੇ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ। ਇਨ੍ਹਾਂ ਵਿਚੋਂ ਨੇਪਾਲ ਦੇ ਨਾਗਰਿਕ ਸੁਜਾਨ ਪਾਠਕ ਦਾ ਕਹਿਣਾ ਹੈ ਕਿ ਅਸੀਂ ਆਪਣੇ ਭਾਰਤੀ ਮਿੱਤਰ ਨੂੰ ਬਾਰ ਵਿਚ ਪਾਰਟੀ ਦੇਣ ਲਈ ਗਏ ਸੀ। ਪਰ ਸਾਨੂੰ ਬਾਰ ਦੇ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ ਗਿਆ। ਸੁਜਾਨ ਦਾ ਕਹਿਣਾ ਸੀ ਕਿ ਅਸੀਂ ਇਸ ਤੋਂ ਬਾਅਦ ਪੁਲਿਸ ਨਾਲ ਸੰਪਰਕ ਕੀਤਾ। ਪਰ ਪੁਲਿਸ ਨੇ ਵੀ ਇਸ ਮਾਮਲੇ ਵਿਚ ਸਾਡੀ ਕੋਈ ਸਹਾਇਤਾ ਨਹੀਂ ਕੀਤੀ। ਇਥੋਂ ਦੇ ਸਾਰੇ ਬਾਰਾਂ ਦੇ ਬਾਹਰ ਨੋਟਿਸ ਲਗਾਇਆ ਗਿਆ ਹੈ, ਜਿਸ ਵਿਚ ਲਿਖਿਆ ਹੈ ਕਿ ਅਸੀਂ ਕਿਸੇ ਵੀ ਕਸਟਮਰ ਨੂੰ ਬਿਨਾਂ ਕਿਸੇ ਕਾਰਨ ਦੱਸੇ ਬਾਹਰ ਕੱਢ ਸਕਦੇ ਹਾਂ। ਉਨ੍ਹਾਂ ਦੱਸਿਆ ਕਿ ਅਸੀਂ ਹੋਟਲ ਦੇ ਬਾਹਰ ਲਗਪਗ 10 ਮਿੰਟ ਤੱਕ ਖੜ੍ਹੇ ਰਹੇ। ਉਸ ਤੋਂ ਬਾਅਦ ਪੁਲਿਸ ਨੂੰ ਮਦਦ ਲਈ ਬੁਲਾਇਆ ਅਤੇ ਦੱਸਿਆ ਕਿ ਇਹ ਇਕ ਨਸਲੀ ਹਮਲਾ ਹੈ। ਪਰ ਕੁਝ ਦੇਰ ਬਾਅਦ ਪੁਲਿਸ ਨੇ ਇਸ ਨੂੰ ਨਸਲੀ

(ਬਾਕੀ ਸਫਾ 2 'ਤੇ)

# ਬਾਬਾ ਨਿਰਮਲ ਦਾਸ ਦੀ ਸਲਾਹ ਮੁਤਾਬਕ ਦਲਿਤ ਸਮਾਜ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੀ ਕਬੂਲੇ-ਭਾਈ ਚੀਮਾ

ਫ਼ਤਿਹਗੜ੍ਹ ਸਾਹਿਬ, 16 ਜਨਵਰੀ (ਪਰਦੀਪ ਸਿੰਘ) : ਭਗਤ ਰਵਿਦਾਸ ਜੀ ਨਾਲ ਸਬੰਧਿਤ ਕੁਝ ਗੁਰਦੁਆਰਿਆਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਹਟਾਏ ਜਾਣ ਦੀ ਕਾਰਵਾਈ ਦਾ ਭਗਤ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਦੇ ਪ੍ਰਧਾਨ ਬਾਬਾ ਨਿਰਮਲ ਦਾਸ ਜੋੜੇ ਵਾਲਿਆਂ ਨੇ ਵਿਰੋਧ ਕਰਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਦਲਿਤ ਸਮਾਜ ਲਈ ਰਾਹ ਦਸੇਰਾ ਦੱਸ ਕੇ ਉਨ੍ਹਾਂ ਨੇ ਦਲਿਤ ਸਮਾਜ ਨੂੰ ਮਨੂੰਵਾਦੀਆਂ ਦੀਆਂ ਚਾਲਾਂ ਤੋਂ ਸੁਚੇਤ ਕੀਤਾ ਹੈ। ਦਲਿਤ ਸਮਾਜ ਜ਼ਰੂਰ ਉਨ੍ਹਾਂ ਦੀ ਚੇਤਾਵਨੀ ਨੂੰ ਸਮਝਦਾ ਹੋਇਆ ਇਸ ਤਰ੍ਹਾਂ ਦਾ ਕੋਈ ਕਦਮ ਨਹੀਂ ਚੁਕੇਗਾ ਜੋ ਉਸ ਸਮਾਜ ਲਈ ਭੱਵਿਖ ਵਿੱਚ ਉਨ੍ਹਾਂ ਲਈ ਨਿਰਾਸ਼ਾ ਦਾ ਕਾਰਨ ਬਣੇ। ਇਹ ਵਿਚਾਰ ਅੱਜ ਇੱਥੇ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਸਕੱਤਰ ਜਨਰਲ ਭਾਈ ਹਰਪਾਲ ਸਿੰਘ ਚੀਮਾ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਬਾਬਾ ਨਿਰਮਲ ਦਾਸ ਸ਼ੁਰੂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੇ ਆ ਰਹੇ ਹਨ ਅਤੇ ਅਸੀਂ ਵੀ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ 'ਤੇ ਫ਼ਤਿਹਗੜ੍ਹ ਸਾਹਿਬ ਤੋਂ ਇਕ ਨਗਰ ਕੀਰਤਨ ਉਨ੍ਹਾਂ ਦੇ ਧਾਰਮਿਕ ਸਥਾਨ ਤੱਕ ਲੈ ਕੇ ਗਏ ਸੀ। ਉਨ੍ਹਾਂ ਕਿਹਾ ਕਿ ਦਲਿਤ ਸਮਾਜ ਨੂੰ ਚਾਹੀਦਾ ਹੈ ਕਿ ਉਹ ਬਾਬਾ ਨਿਰਮਲ ਦਾਸ ਦੇ ਆਦੇਸ਼ ਅਨੁਸਾਰ ਉਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਕਬੂਲਦਾ ਰਹੇ ਜਿਵੇਂ ਪਹਿਲਾਂ ਤੋਂ ਕਬੂਲਦਾ ਆ ਰਿਹਾ ਹੈ ਕਿਉਂ ਕਿ ਮਨੂੰਵਾਦ ਨੂੰ ਸ਼ਬਦ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਹੀ ਭਾਂਜ ਦਿੱਤੀ ਜਾ ਸਕਦੀ ਹੈ ਤੇ ਉਸ ਸਰਬ-ਸਾਂਝੀਵਾਲਤਾ ਵਾਲੇ ਨਿਜ਼ਾਮ ਦੀ ਸਥਾਪਨਾ ਕਰ ਸਕਦੇ ਹਾਂ ਜਿਸ ਦਾ ਸੰਕਲਪ ਸਾਡੇ ਗੁਰੂਆਂ ਨੇ ਸਾਨੂੰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੀ ਵੀ ਉਹੀ ਬਾਣੀ ਮੂਲ ਰੂਪ ਵਿੱਚ ਸੁਰੱਖਿਅਤ ਪਈ ਹੈ ਜਿਸਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਨ ਕਰਕੇ ਸਾਂਭ ਲਿਆ ਗਿਆ ਸੀ ਵਰਨਾ ਮਨੂੰਵਾਦ ਨੇ ਤਾਂ ਦਲਿਤ ਸਮਾਜ ਨੂੰ ਅਪਣਾ ਗੁਲਾਮ ਬਣਾਏ ਰੱਖਣ ਵਿੱਚ ਕੋਈ ਕਸਰ ਨਹੀਂ ਛੱਡ ਰੱਖੀ।

# ਆਨੰਦਪੁਰ ਸਾਹਿਬ ਵਿਖੇ ਕੌਮੀ ਖੇਡ ਮੇਲਾ ਅੱਜ ਤੋਂ

ਆਨੰਦਪੁਰ ਸਾਹਿਬ, 16 ਜਨਵਰੀ (ਨੱਢਾ)-ਦੂਜਾ ਰਾਸ਼ਟਰੀ ਪੱਧਰ ਦਾ ਪੇਂਡੂ ਟੂਰਨਾਮੈਂਟ ਪੰਚਾਇਤ ਯੁਵਾ ਦਰੀੜ ਔਰ ਖੇਲ ਅਭਿਆਨ (ਪਾਈਕਾ) ਸਕੀਮ ਅਧੀਨ ਖੇਡ ਵਿਭਾਗ ਪੰਜਾਬ ਤੇ ਸਪੋਰਟਸ ਅਥਾਰਟੀ ਆਫ ਇੰਡੀਆ ਵੱਲੋਂ ਕਰਵਾਇਆ ਜਾ ਰਿਹਾ ਹੈ। 17 ਤੋਂ 20 ਜਨਵਰੀ ਤੱਕ ਚੱਲਣ ਵਾਲੇ ਇਸ ਟੂਰਨਾਮੈਂਟ ਵਿੱਚ ਸਾਰੇ ਇੰਤਜ਼ਾਮ ਮੁਕੰਮਲ ਕਰ ਲਏ ਗਏ ਹਨ। ਇਹ ਜਾਣਕਾਰੀ ਰੋਪੜ ਦੇ ਡਿਪਟੀ ਕਮਿਸ਼ਨਰ ਸ੍ਰੀ ਪ੍ਰਿਯਾਂਕ ਭਾਰਤੀ ਨੇ ਉਪ ਮੰਡਲ ਮੈਜਿਸਟਰੇਟ ਆਨੰਦਪੁਰ ਸਾਹਿਬ ਦੇ ਦਫਤਰ ਵਿਖੇ ਇੱਕ ਭਰਵੀਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਸਮੇਂ ਆਨੰਦਪੁਰ ਸਾਹਿਬ ਦੇ ਐੱਸ.ਡੀ.ਐੱਮ. ਸ੍ਰ. ਅਰਵਿੰਦਰਪਾਲ ਸਿੰਘ ਸੰਧੂ, ਖੇਡ ਵਿਭਾਗ ਦੇ ਸਹਾਇਕ ਡਾਇਰੈਕਟਰ ਸ੍ਰੀ ਐੱਸ.ਐੱਲ. ਲੋਟੇ, ਡਿਪਟੀ ਡਾਇਰੈਕਟਰ ਸ੍ਰੀ ਹਜ਼ਾਰੀ ਲਾਲ ਸ਼ਰਮਾ, ਤਕਨੀਕੀ ਸਲਾਹਕਾਰ ਸ੍ਰੀ ਸੁਖਬੀਰ ਗਰੇਵਾਲ, ਮੀਡੀਆ ਸੈਂਟਰ ਆਨੰਦਪੁਰ ਸਾਹਿਬ ਦੇ ਚੇਅਰਮੈਨ ਕਰਤਾਰ ਸਿੰਘ ਆਦਿ ਹਾਜ਼ਰ ਸਨ। ਡਿਪਟੀ ਕਮਿਸ਼ਨਰ ਹੁਰਾਂ ਦੱਸਿਆ ਕਿ ਆਨੰਦਪੁਰ ਸਾਹਿਬ ਵਿੱਚ ਨੈਸ਼ਨਲ ਪੱਧਰ ਦਾ ਟੂਰਨਾਮੈਂਟ ਹੋਣਾ ਇੱਕ ਮਾਣ ਵਾਲੀ ਗੱਲ ਹੈ, ਜਿਸ ਦਾ ਮੁੱਖ ਮੰਤਵ ਪੇਂਡੂ ਇਲਾਕੇ ਦੇ ਖਿਡਾਰੀਆਂ ਤੇ ਖਿਡਾਰਨਾਂ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਰਾਸ਼ਟਰੀ ਖੇਡ ਵਿੱਚ 24 ਰਾਜਾਂ ਦੇ ਦੋ ਹਜ਼ਾਰ ਦੇ ਕਰੀਬ ਖਿਡਾਰੀ ਖਿਡਾਰਨਾਂ ਹਿੱਸਾ ਲੈ ਰਹੇ ਹਨ, ਜਦ ਕਿ ਚਾਰ ਸੌ ਅਫੀਸ਼ੀਅਲ ਖੇਡਾਂ ਵਿੱਚ ਹਿੱਸਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਦਾ ਉਦਘਾਟਨ 17 ਜਨਵਰੀ ਨੂੰ ਪੰਜਾਬ ਦੇ ਮੁੜ ਵਸੇਬਾ ਮੰਤਰੀ ਸ੍ਰ. ਅਜੀਤ ਸਿੰਘ ਕੋਹਾੜ ਕਰਨਗੇ, ਜਦ ਕਿ 19 ਜਨਵਰੀ ਨੂੰ ਸੱਭਿਆਚਾਰਕ ਪ੍ਰੋਗਰਾਮ ਡਾਇਰੈਕਟੋਰੇਟ ਆਫ ਯੂਥ ਸਰਵਿਸਿਜ਼ ਵੱਲੋਂ ਪੇਸ਼ ਕੀਤਾ ਜਾਵੇਗਾ। ਸਮਾਪਤੀ ਸਮਾਰੋਹ 'ਤੇ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਮੁੱਖ ਮਹਿਮਾਨ ਹੋਣਗੇ। ਜੇਤੂ ਖਿਡਾਰੀਆਂ ਤੇ ਖਿਡਾਰਨਾਂ ਨੂੰ ਇਨਾਮ ਵੰਡਣਗੇ।

# 8 ਵਿਸ਼ੇਸ਼ ਸਕੱਤਰ ਪਦ-ਉਨਤ

ਚੰਡੀਗੜ੍ਹ, 16 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਸਰਕਾਰ ਨੇ ਇਕ ਹੁਕਮ ਜਾਰੀ ਕਰਕੇ ਅਠ ਵਿਸ਼ੇਸ਼ ਸਕੱਤਰਾਂ ਨੂੰ ਸਕੱਤਰ ਦੇ ਤੌਰ ਤੇ ਪਦ-ਉਨਤ ਕੀਤਾ ਹੈ। ਇਹਨਾਂ ਵਿੱਚ ਸ੍ਰੀ ਵੀ.ਕੇ ਸਰਮਾ, ਸ੍ਰੀ ਵਿਕਾਸ ਪ੍ਰਤਾਪ, ਸ੍ਰੀ ਅਲੋਕ ਸੇਖਰ, ਸ੍ਰੀ ਡੀ.ਕੇ ਤਿਵਾੜੀ, ਸ੍ਰੀ ਜੇ.ਐਮ ਬਾਲਾਮੁਰਗਨ, ਸ੍ਰੀ ਤੇਜਵੀਰ ਸਿੰਘ, ਡਾ. ਅਰਵਿੰਦਰ ਸਿੰਘ ਅਤੇ ਸ੍ਰੀ ਡੀ.ਐਸ. ਗਰੇਵਾਲ ਸ਼ਾਮਲ ਹਨ। ਪਦ-ਉਨਤ ਕੀਤੇ ਗਏ ਅਧਿਕਾਰੀ ਸ੍ਰੀ ਅਲੋਕ ਸੇਖਰ, ਸ੍ਰੀ ਜੇ.ਐਮ ਬਾਲਾਮੁਰਗਨ ਅਤੇ ਸ੍ਰੀ ਤੇਜਵੀਰ ਸਿੰਘ ਇਸ ਵੇਲੇ ਕੇਦਂਰੀ ਡੈਪੂਟੇਸ਼ਨ ਤੇ ਹਨ ਇਸ ਕਰਕੇ ਇਹਨਾਂ ਦੀ ਪ੍ਰਫਾਰਮਾਂ ਪਦ-ਉਨਤੀ ਕੀਤੀ ਗਈ ਹੈ।

# ਉਤਰ ਪ੍ਰਦੇਸ਼ 'ਚ ਦੋ ਟ੍ਰੇਨਾਂ ਟਕਰਾਈਆਂ; 3 ਮਰੇ, 14 ਜ਼ਖ਼ਮੀ

ਲਖਨਊ, 16 ਜਨਵਰੀ (ਵਿਸ਼ਵ ਵਾਰਤਾ)-ਭਾਰਤ ਪ੍ਰਦੇਸ਼ ਵਿਚ ਟੁੰਡਲਾ ਦੇ ਨੇੜੇ ਅੱਜ ਕਾਲਿੰਦੀ ਐਕਸਪ੍ਰੈਸ ਅਤੇ ਸ਼ੱਰਮਸ਼ਕਤੀ ਐਕਸਪ੍ਰੈਸ ਵਿਚਾਲੇ ਟੱਕਰ ਹੋ ਗਈ। ਇਸ ਹਾਦਸੇ ਵਿਚ 3 ਲੋਕਾਂ ਦੀ ਮੌਤ ਹੋ ਗਈ ਤੇ 14

(ਬਾਕੀ ਸਫਾ 2 'ਤੇ)